# ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ

ਨਿਹਕਲੰਕ ਨਰਾਇਣ ਨਰ



ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ

ਹਰਿ ਪੁਰਖ ਅਗੰਮ ਅਗਮੜਾ, ਅਗਮੜੀ ਕਾਰ । ਹੱਡ ਮਾਸ ਨਾੜੀ ਨਾ ਕੋਈ ਪਿੰਜਰ ਨਾ ਕੋਈ ਚਮੜਾ, ਜੋਤੀ ਨੂਰ ਇਕ ਅਕਾਰ । ਮਾਲ ਧਨ ਧਨ ਮਾਲ ਨਾ ਕੋਈ ਪੱਲੇ ਦਮੜਾ, ਸ਼ਬਦ ਵਸਤ ਇਕ ਅਪਰ ਅਪਾਰ । ਗੁਰਮੁਖਾਂ ਭਾਰੀ ਕਰੇ ਕਰਾਏ ਪਲੜਾ, ਸਿਰ ਰੱਖ ਹੱਥ ਸਮਰੱਥ ਕਰਤਾਰ । ਲੋਕਮਾਤ ਦਰ ਦਵਾਰੇ ਅੱਗੇ ਖਲੜਾ, ਬੀਸ ਇਕੀਸਾ ਹਰਿ ਜਗਦੀਸਾ ਚੌਵੀਆਂ ਅਵਤਾਰ । ਏਕਾ ਘਰ ਸਾਚਾ ਸਰ ਪੁਰਖ ਅਬਿਨਾਸ਼ੀ ਮਲੜਾ, ਨਿਹਕਲੰਕ ਨਰਾਇਣ ਨਰ ਚਿੱਟੇ ਅਸਵ ਸ਼ਬਦ ਘੋੜੇ ਹੋ ਅਸਵਾਰ । ਸ਼ਬਦ ਘੋੜਾ ਹਰਿ ਦਾਤਾਰ । ਜੁੜਿਆ ਜੋੜਾ ਜੋਤੀ ਨਿਰੰਕਾਰ । ਲੋਕਮਾਤ ਆਏ ਦੌੜਾ, ਵੇਖ ਵਖਾਏ ਮਿੱਠਾ ਕੌੜਾ, ਰਾਜ ਰਾਜਾਨ ਸ਼ਾਹ ਸੁਲਤਾਨ ਸਚ ਦਰਬਾਰ । ਪਵਣ ਸਵਾਸੀ ਘਨਕਪੁਰ ਵਾਸੀ ਸ਼ਾਹੋ ਸ਼ਾਬਾਸ਼ੀ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰ ਹਰਿ ਸੱਚੀ ਸਰਕਾਰ । ਨਰ ਹਰਿ ਨਰਾਇਣ ਨਰ ਨਿਰੰਕਾਰਿਆ । ਭਗਤ ਭਗਵੰਤ ਸਾਧ ਸੰਤ ਆਦਿ ਅੰਤ ਜੁਗਾ ਜੁਗੰਤ ਬਣਾਏ ਬਣਤ ਵਿਚ ਸੰਸਾਰਿਆ । ਮਿਲੇ ਮੇਲ ਪ੍ਰਭ ਸਾਚੇ ਕੰਤ, ਦੇਵੇ ਦਰਸ ਅਗੰਮ ਅਪਾਰਿਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਹਰਿ ਸੰਤ ਸੁਹੇਲੇ ਇਕ ਅਕੇਲੇ ਸ਼ਬਦ ਡੋਰੀ ਨਾਲ ਬੰਧਾ ਰਿਹਾ । ਸ਼ਬਦ ਡੋਰੀ ਬੰਨ ਕਰਤਾਰ । ਲੋਕਮਾਤ ਕਰੇ ਚੋਰੀ, ਕਲਜੁਗ ਰੈਣ ਅੰਧੇਰ ਘੋਰੀ, ਗੁਰਮੁਖਾਂ ਕਰੇ ਖ਼ਬਰਦਾਰ । ਆਪ ਆਪਣੇ ਸੰਗ ਜਾਏ ਤੋਰੀ, ਸ਼ਬਦ ਚਾੜ੍ਹੇ ਸਾਚੀ ਘੋੜੀ, ਪੂਰਬ ਕਰਮ ਰਿਹਾ ਵਿਚਾਰ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ, ਪਹਿਲੀ ਚੇਤ ਭਾਗ ਲਗਾਏ ਮੰਦਰ ਅੰਦਰ ਕਾਇਆ ਖੇਤ ਸੱਚਾ ਬੇੜਾ ਕਰ ਤਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਫੰਦ ਕਟਾਏ, ਅੰਤਮ ਜੋਤੀ ਮੇਲ ਮਿਲਾਏ, ਮਾਨਸ ਜਨਮ ਨਾ ਆਏ ਹਾਰ । ਪਹਿਲੀ ਚੇਤ ਚੇਤਨ ਚਿਤ । ਗੁਰ ਸੰਗਤ ਮੇਲ ਮਿਲਾਏ, ਪੁਰਖ ਅਬਿਨਾਸ਼ੀ ਸਾਚਾ ਮਿਤ । ਸੋਹੰ ਸ਼ਬਦ ਤੇਲ ਚੜ੍ਹਾਏ, ਚੌਥੇ ਜੁਗ ਵੇਖ ਵਖਾਏ ਸਾਚੀ ਥਿਤ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਜਨ ਭਗਤਾਂ ਦੇਵੇ ਇਕ ਵਰ, ਆਦਿ ਅੰਤ ਨਿਤ ਨਵਿਤ । ਨਿਤ ਨਵਿਤ ਚਾਲ ਨਿਰਾਲੀ । ਗੁਰਮੁਖ ਸਾਚੇ ਸੰਤ ਜਨਾਂ ਮਾਨਸ ਦੇਹੀ ਲਈ ਜਿਤ, ਮਿਲਿਆ ਨਰ ਹਰਿ ਸੱਚਾ ਪ੍ਰਿਤਪਾਲੀ । ਆਪੇ ਮਾਤ ਆਪੇ ਪਿਤ, ਦਿਵਸ ਰੈਣ ਮਧਰਾ ਬੈਣਾ, ਕਵਲ ਨੈਣਾਂ ਘਰ ਸਾਚੇ ਬਹਿਣਾ, ਕਰੇ ਸਦਾ ਰਖਵਾਰ ਸੱਚਾ ਮਾਲੀ । ਜੋਤੀ ਜੋਤ ਸਰੂਪ ਹਰਿ, ਗੁਰ ਸੰਗਤ ਸਾਚਾ ਸਾਕ ਸੱਜਣ ਸੈਣਾ ਭਾਈ ਭੈਣਾਂ ਖੋਲ੍ਹੇ ਬੰਦ ਕਵਾੜੀ ਸਤਾਰਾਂ ਹਾੜੀ ਦਰਸ ਦਿਖਾਏ ਤੀਜੇ ਨੈਣਾਂ, ਪਹਿਲੀ ਚੇਤ ਕਰ ਤਿਆਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਤਿਜੁਗ ਸਾਚੇ ਤੇਰੀ ਮਾਤ ਉਪਜਾਏ ਗੁਰ ਸੰਗਤ ਸੱਚੀ ਫੁਲਵਾੜੀ । ਗੁਰ ਸੰਗਤ ਸਾਚਾ ਫੁੱਲ ਗਿਆ ਫੁਲ । ਪ੍ਰਭ ਆਪ ਚੁਕਾਏ ਅਗਲਾ ਪਿਛਲਾ ਮੂਲ, ਭਾਗ ਲਗਾਏ ਸਾਚੀ ਕੁਲ । ਏਕਾ ਓਟ ਰਖਾਏ ਕੰਤ ਕੰਤੂਹਲ, ਪੂਰੇ ਤੋਲ ਗਈ ਤੁਲ । ਸੋਹੰ ਸ਼ਬਦ ਪੰਘੂੜਾ ਰਿਹਾ ਝੂਲ, ਸਚ ਦੁਵਾਰਾ ਗਿਆ ਖੁੱਲ੍ਹ । ਸਚ ਸਿੰਘਾਸਣ ਹਰਿ ਬਿਰਾਜੇ ਨਾ ਕੋਈ ਪਾਵਾ ਨਾ ਕੋਈ ਚੂਲ, ਲੋਕਮਾਤ ਨਾ ਲਾਏ ਕੋਈ ਮੁੱਲ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸੰਗਤ ਲੇਖਾ ਆਪ ਲਿਖਾਇਆ, ਭਰਮ ਭੁਲੇਖਾ ਦੂਰ ਕਰਾਇਆ, ਹਰਿਜਨ ਲੋਕਮਾਤ ਨਾ ਜਾਏ ਰੁਲ । (੧ ਚੇਤ ੨੦੧੨ ਬਿਕ੍ਰਮੀ )

ਹਰਿ ਜੋਤੀ ਮੇਲ ੧੭ ਹਾੜ ੨੦੧੨ ਬਿਕ੍ਰਮੀ


ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ

ਨਿਹਕਲੰਕ ਨਰਾਇਣ ਨਰ



ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ

ਹਰਿ ਪੁਰਖ ਅਗੰਮ ਅਗਮੜਾ, ਅਗਮੜੀ ਕਾਰ । ਹੱਡ ਮਾਸ ਨਾੜੀ ਨਾ ਕੋਈ ਪਿੰਜਰ ਨਾ ਕੋਈ ਚਮੜਾ, ਜੋਤੀ ਨੂਰ ਇਕ ਅਕਾਰ । ਮਾਲ ਧਨ ਧਨ ਮਾਲ ਨਾ ਕੋਈ ਪੱਲੇ ਦਮੜਾ, ਸ਼ਬਦ ਵਸਤ ਇਕ ਅਪਰ ਅਪਾਰ । ਗੁਰਮੁਖਾਂ ਭਾਰੀ ਕਰੇ ਕਰਾਏ ਪਲੜਾ, ਸਿਰ ਰੱਖ ਹੱਥ ਸਮਰੱਥ ਕਰਤਾਰ । ਲੋਕਮਾਤ ਦਰ ਦਵਾਰੇ ਅੱਗੇ ਖਲੜਾ, ਬੀਸ ਇਕੀਸਾ ਹਰਿ ਜਗਦੀਸਾ ਚੌਵੀਆਂ ਅਵਤਾਰ । ਏਕਾ ਘਰ ਸਾਚਾ ਸਰ ਪੁਰਖ ਅਬਿਨਾਸ਼ੀ ਮਲੜਾ, ਨਿਹਕਲੰਕ ਨਰਾਇਣ ਨਰ ਚਿੱਟੇ ਅਸਵ ਸ਼ਬਦ ਘੋੜੇ ਹੋ ਅਸਵਾਰ । ਸ਼ਬਦ ਘੋੜਾ ਹਰਿ ਦਾਤਾਰ । ਜੁੜਿਆ ਜੋੜਾ ਜੋਤੀ ਨਿਰੰਕਾਰ । ਲੋਕਮਾਤ ਆਏ ਦੌੜਾ, ਵੇਖ ਵਖਾਏ ਮਿੱਠਾ ਕੌੜਾ, ਰਾਜ ਰਾਜਾਨ ਸ਼ਾਹ ਸੁਲਤਾਨ ਸਚ ਦਰਬਾਰ । ਪਵਣ ਸਵਾਸੀ ਘਨਕਪੁਰ ਵਾਸੀ ਸ਼ਾਹੋ ਸ਼ਾਬਾਸ਼ੀ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰ ਹਰਿ ਸੱਚੀ ਸਰਕਾਰ । ਨਰ ਹਰਿ ਨਰਾਇਣ ਨਰ ਨਿਰੰਕਾਰਿਆ । ਭਗਤ ਭਗਵੰਤ ਸਾਧ ਸੰਤ ਆਦਿ ਅੰਤ ਜੁਗਾ ਜੁਗੰਤ ਬਣਾਏ ਬਣਤ ਵਿਚ ਸੰਸਾਰਿਆ । ਮਿਲੇ ਮੇਲ ਪ੍ਰਭ ਸਾਚੇ ਕੰਤ, ਦੇਵੇ ਦਰਸ ਅਗੰਮ ਅਪਾਰਿਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਹਰਿ ਸੰਤ ਸੁਹੇਲੇ ਇਕ ਅਕੇਲੇ ਸ਼ਬਦ ਡੋਰੀ ਨਾਲ ਬੰਧਾ ਰਿਹਾ । ਸ਼ਬਦ ਡੋਰੀ ਬੰਨ ਕਰਤਾਰ । ਲੋਕਮਾਤ ਕਰੇ ਚੋਰੀ, ਕਲਜੁਗ ਰੈਣ ਅੰਧੇਰ ਘੋਰੀ, ਗੁਰਮੁਖਾਂ ਕਰੇ ਖ਼ਬਰਦਾਰ । ਆਪ ਆਪਣੇ ਸੰਗ ਜਾਏ ਤੋਰੀ, ਸ਼ਬਦ ਚਾੜ੍ਹੇ ਸਾਚੀ ਘੋੜੀ, ਪੂਰਬ ਕਰਮ ਰਿਹਾ ਵਿਚਾਰ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ, ਪਹਿਲੀ ਚੇਤ ਭਾਗ ਲਗਾਏ ਮੰਦਰ ਅੰਦਰ ਕਾਇਆ ਖੇਤ ਸੱਚਾ ਬੇੜਾ ਕਰ ਤਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਫੰਦ ਕਟਾਏ, ਅੰਤਮ ਜੋਤੀ ਮੇਲ ਮਿਲਾਏ, ਮਾਨਸ ਜਨਮ ਨਾ ਆਏ ਹਾਰ । ਪਹਿਲੀ ਚੇਤ ਚੇਤਨ ਚਿਤ । ਗੁਰ ਸੰਗਤ ਮੇਲ ਮਿਲਾਏ, ਪੁਰਖ ਅਬਿਨਾਸ਼ੀ ਸਾਚਾ ਮਿਤ । ਸੋਹੰ ਸ਼ਬਦ ਤੇਲ ਚੜ੍ਹਾਏ, ਚੌਥੇ ਜੁਗ ਵੇਖ ਵਖਾਏ ਸਾਚੀ ਥਿਤ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਜਨ ਭਗਤਾਂ ਦੇਵੇ ਇਕ ਵਰ, ਆਦਿ ਅੰਤ ਨਿਤ ਨਵਿਤ । ਨਿਤ ਨਵਿਤ ਚਾਲ ਨਿਰਾਲੀ । ਗੁਰਮੁਖ ਸਾਚੇ ਸੰਤ ਜਨਾਂ ਮਾਨਸ ਦੇਹੀ ਲਈ ਜਿਤ, ਮਿਲਿਆ ਨਰ ਹਰਿ ਸੱਚਾ ਪ੍ਰਿਤਪਾਲੀ । ਆਪੇ ਮਾਤ ਆਪੇ ਪਿਤ, ਦਿਵਸ ਰੈਣ ਮਧਰਾ ਬੈਣਾ, ਕਵਲ ਨੈਣਾਂ ਘਰ ਸਾਚੇ ਬਹਿਣਾ, ਕਰੇ ਸਦਾ ਰਖਵਾਰ ਸੱਚਾ ਮਾਲੀ । ਜੋਤੀ ਜੋਤ ਸਰੂਪ ਹਰਿ, ਗੁਰ ਸੰਗਤ ਸਾਚਾ ਸਾਕ ਸੱਜਣ ਸੈਣਾ ਭਾਈ ਭੈਣਾਂ ਖੋਲ੍ਹੇ ਬੰਦ ਕਵਾੜੀ ਸਤਾਰਾਂ ਹਾੜੀ ਦਰਸ ਦਿਖਾਏ ਤੀਜੇ ਨੈਣਾਂ, ਪਹਿਲੀ ਚੇਤ ਕਰ ਤਿਆਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਤਿਜੁਗ ਸਾਚੇ ਤੇਰੀ ਮਾਤ ਉਪਜਾਏ ਗੁਰ ਸੰਗਤ ਸੱਚੀ ਫੁਲਵਾੜੀ । ਗੁਰ ਸੰਗਤ ਸਾਚਾ ਫੁੱਲ ਗਿਆ ਫੁਲ । ਪ੍ਰਭ ਆਪ ਚੁਕਾਏ ਅਗਲਾ ਪਿਛਲਾ ਮੂਲ, ਭਾਗ ਲਗਾਏ ਸਾਚੀ ਕੁਲ । ਏਕਾ ਓਟ ਰਖਾਏ ਕੰਤ ਕੰਤੂਹਲ, ਪੂਰੇ ਤੋਲ ਗਈ ਤੁਲ । ਸੋਹੰ ਸ਼ਬਦ ਪੰਘੂੜਾ ਰਿਹਾ ਝੂਲ, ਸਚ ਦੁਵਾਰਾ ਗਿਆ ਖੁੱਲ੍ਹ । ਸਚ ਸਿੰਘਾਸਣ ਹਰਿ ਬਿਰਾਜੇ ਨਾ ਕੋਈ ਪਾਵਾ ਨਾ ਕੋਈ ਚੂਲ, ਲੋਕਮਾਤ ਨਾ ਲਾਏ ਕੋਈ ਮੁੱਲ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸੰਗਤ ਲੇਖਾ ਆਪ ਲਿਖਾਇਆ, ਭਰਮ ਭੁਲੇਖਾ ਦੂਰ ਕਰਾਇਆ, ਹਰਿਜਨ ਲੋਕਮਾਤ ਨਾ ਜਾਏ ਰੁਲ । (੧ ਚੇਤ ੨੦੧੨ ਬਿਕ੍ਰਮੀ )

ਹਰਿ ਜੋਤੀ ਮੇਲ ੧੭ ਹਾੜ ੨੦੧੨ ਬਿਕ੍ਰਮੀ